ਮਿੱਠੇ ਬੱਚੇ:- "ਮਿੱਠੇ ਬੱਚੇ :- ਗਿਆਨ ਦੀ ਬੁਲਬੁਲ ਬਣ ਸਾਰਾ ਦਿਨ ਗਿਆਨ ਦੀ ਟਿਕੱਲੂ – ਟਿਕੱਲੂ ਕਰਦੇ ਰਹੋ ਤਾਂ ਲੌਕਿਕ ਅਤੇ ਪਾਰਲੌਕਿਕ ਮਾਤ -ਪਿਤਾ ਦਾ ਸ਼ੋ ਕਰ ਸਕੋਂਗੇ"

ਪ੍ਰਸ਼ਨ:- ਕਹਾਵਤ ਹੈ - "ਆਪਣੀ ਘੋਟ ਤਾਂ ਨਸ਼ਾ ਚੜੇ" ਇਸਦਾ ਭਾਵਾਰਥ ਕੀ ਹੈ?

ਉੱਤਰ:- ਆਪਣੀ ਘੋਟਣਾ ਮਤਲਬ ਬੁੱਧੀਯੋਗ ਇਧਰ - ਉਧਰ ਨਾ ਭਟਕਾ ਕੇ ਇੱਕ ਬਾਪ ਬੁੱਧੀ ਵਿੱਚ ਯਾਦ ਰਹੇ ਤਾਂ ਨਸ਼ਾ ਚੜ੍ਹੇਗਾ। ਪਰ ਇਸ ਵਿੱਚ ਦੇਹ - ਅਭਿਮਾਨ ਬਹੁਤ ਵਿਘਣ ਪਾਉਂਦਾ ਹੈ ਥੋੜੀ - ਜਿਹੀ ਬਿਮਾਰੀ ਹੋਈ ਤਾਂ ਪ੍ਰੇਸ਼ਾਨ ਹੋ ਜਾਂਦੇ ਹਨ, ਮਿੱਤਰ -ਸੰਬੰਧੀ ਯਾਦ ਪੈਂਦੇ ਹਨ, ਇਸਲਈ ਨਸ਼ਾ ਨਹੀਂ ਚੜਦਾ। ਯੋਗ ਵਿੱਚ ਰਹਿਣ ਤਾਂ ਦਰਦ ਵੀ ਘੱਟ ਹੋ ਜਾਏ।

ਗੀਤ:- ਤੂਨੇ ਰਾਤ ਗਵਾਈ ਸੋਕੇ...।

ਓਮ ਸ਼ਾਂਤੀ। ਇਹ ਸਭ ਗੱਲਾਂ ਸ਼ਾਸਤਰਾਂ ਵਿੱਚ ਵੀ ਲਿਖ਼ੀਆ ਹੋਈਆਂ ਹਨ। ਇੱਕ - ਦੋ ਨੂੰ ਸਮਝਾਉਂਦੇ ਵੀ ਹਨ। ਅਨੇਕ ਤਰ੍ਹਾਂ ਦੀਆਂ ਮੱਤਾਂ ਗੁਰੂ ਲੋਕ ਦਿੰਦੇ ਹਨ। ਬਹੁਤ ਵਧੀਆ - ਵਧੀਆ ਭਗਤ ਕੋਠੜੀ ਵਿੱਚ ਬੈਠ, ਇੱਕ ਗਉਮੁਖ ਕਪੜਾ ਹੁੰਦਾ ਹੈ, ਉਸ ਵਿੱਚ ਅੰਦਰ ਹੱਥ ਪਾ ਮਾਲਾ ਫੇਰਦੇ ਹਨ। ਇਹ ਵੀ ਸਿੱਖਿਆ ਹੋਇਆ ਫ਼ੈਸ਼ਨ ਹੈ। ਹੁਣ ਬਾਪ ਕਹਿੰਦੇ ਹਨ - ਇਹ ਸਭ ਛੱਡੋ। ਆਤਮਾ ਨੂੰ ਤਾਂ ਸਿਮਰਨ ਕਰਨਾ ਹੈ ਬਾਪ ਦਾ। ਇਸ ਵਿੱਚ ਮਾਲਾ ਸਿਮਰਨ ਦੀ ਗੱਲ ਨਹੀਂ। ਸਭਤੋਂ ਚੰਗਾ ਗੀਤ ਹੈ ਸ਼ਿਵਾਏ ਨਮ: ਦਾ। ਇਸ ਵਿੱਚ ਹੀ ਸਮਝਾਇਆ ਜਾਂਦਾ ਹੈ ਤੁਸੀਂ ਮਾਤ - ਪਿਤਾ ਹੋ। ਭਗਵਾਨ ਨੂੰ ਹੀ ਰਚਤਾ ਬਾਪ ਕਹਿੰਦੇ ਹਨ। ਹੁਣ ਰਚਨਾ ਕਿਹਾ ਜਾਂਦਾ ਹੈ ਤਾਂ ਕੀ ਕ੍ਰੀਏਟ ਕਰਦੇ ਹਨ? ਜਰੂਰ ਇਹ ਤਾਂ ਸਭ ਸਮਝਦੇ ਹਨ ਨਵੀਂ ਦੁਨੀਆਂ ਹੀ ਰਚਣਗੇ। ਗਾਉਂਦੇ ਵੀ ਹਨ ਤੁਸੀਂ ਮਾਤ -ਪਿਤਾ ਅਸੀਂ ਬਾਲਕ ਤੇਰੇ... ਤਾਂ ਪਹਿਲਾ - ਈਸ਼ਵਰ ਸਭਦਾ ਫ਼ਾਦਰ ਠਹਰਿਆ। ਫਾਦਰ ਹੈ ਤਾਂ ਮਦਰ ਵੀ ਜਰੂਰ ਚਾਹੀਦਾ ਹੈ। ਮਦਰ ਦੇ ਸਿਵਾਏ ਕ੍ਰੀਏਟ ਕਰ ਨਾ ਸਕਣ। ਸਿਰਫ਼ ਇਹ ਕੋਈ ਨਹੀਂ ਜਾਣਦੇ ਕਿ ਕ੍ਰੀਏਟ ਕਿਵੇਂ ਕਰਦੇ ਹਨ? ਦੂਸਰਾ - ਆਪਸ ਵਿੱਚ ਸਭ ਭਰਾ - ਭੈਣ ਹੋ ਗਏ। ਫਿਰ ਵਿਕਾਰ ਦੀ ਦ੍ਰਿਸ਼ਟੀ ਜਾ ਨਾ ਸਕੇ। ਇੱਕ ਮਾਤ -ਪਿਤਾ ਹੈ ਨਾ। ਤਾਂ ਇਹ ਪੁਆਇੰਟਸ ਬਹੁਤ ਚੰਗੀ ਹੈ ਸਮਝਣ ਅਤੇ ਸਮਝਾਉਣ ਦੇ ਲਈ। ਤੀਸਰਾ - ਜਰੂਰ ਬਾਪ ਨੇ ਸ੍ਰਿਸ਼ਟੀ ਰਚੀ ਹੋਵੇਗੀ। ਅਸੀਂ ਬਾਲਕ ਸੀ ਹੁਣ ਫਿਰ ਬਣੇ ਹਾਂ। 84 ਜਨਮਾਂ ਚੱਕਰ ਪੂਰਾ ਹੋਣ ਦੇ ਬਾਅਦ ਫਿਰ ਹੁਣ ਮਾਤ - ਪਿਤਾ ਦੇ ਬਣੇ ਹਾਂ। ਜਿਸਦਾ ਹੀ ਭਗਤੀ ਮਾਰਗ ਵਿੱਚ ਗਾਇਨ ਚੱਲਦਾ ਹੈ। ਮਾਤ -ਪਿਤਾ ਸ੍ਰਿਸਟੀ ਰਚਦੇ ਹਨ, ਉਹਨਾਂ ਦੇ ਬਾਲਕ ਬਣਦੇ ਹਨ ਤਾਂ ਜਰੂਰ ਸੁਖ ਘਨ੍ਹੇਰੇ ਦਿੰਦੇ ਹੋਣਗੇ। ਇਹ ਕੋਈ ਵੀ ਨਹੀਂ ਜਾਣਦੇ ਕਿ ਪਰਮਾਤਮਾ ਮਾਤ ਪਿਤਾ ਵੀ ਬਣਦੇ ਹਨ। ਟੀਚਰ ਵੀ ਹੈ, ਸਤਿਗੁਰੂ ਵੀ ਹੈ।

ਅਸੀਂ ਬ੍ਰਹਮਾ ਦੀ ਔਲਾਦ ਆਪਸ ਵਿੱਚ ਭਰਾ - ਭੈਣ ਠਹਿਰੇ। ਕਹਾਉਂਦੇ ਵੀ ਹਨ ਬ੍ਰਹਮਾਕੁਮਾਰ - ਕੁਮਾਰੀਆਂ, ਉਹਨਾਂ ਨੂੰ ਵੀ ਰਚਨ ਵਾਲੇ ਹਨ। ਸੁਖ ਘਨ੍ਹੇਰੇ ਪਾਉਣ ਦੇ ਲਈ ਮਾਤ -ਪਿਤਾ ਕੋਲੋਂ ਰਾਜਯੋਗ ਸਿੱਖ ਰਹੇ ਹਨ। ਸੁਖ ਘਨ੍ਹੇਰੇ ਉਦੋਂ ਮਿਲਦੇ ਹਨ ਜਦੋਂਕਿ ਅਸੀਂ ਦੁੱਖ ਵਿੱਚ ਹਾਂ, ਇਵੇਂ ਨਹੀਂ ਕਿ ਭਵਿੱਖ ਸੁਖ ਵਿੱਚ ਆਕੇ ਸਿੱਖਿਆ ਦੇਣਗੇ। ਜਦੋਂ ਅਸੀਂ ਦੁੱਖ ਵਿੱਚ ਹਾਂ ਉਦੋ ਸਿੱਖਿਆ ਮਿਲਦੀ ਹੈ ਸੁਖ ਵਿੱਚ ਜਾਣ ਦੀ। ਉਹ ਹੀ ਮਾਤ -ਪਿਤਾ ਆਕੇ ਸੁਖ ਦਿੰਦੇ ਹਨ। ਏਡਮ ਅਤੇ ਇਵ ਤਾਂ ਮਸ਼ਹੂਰ ਹਨ। ਉਹ ਵੀ ਜਰੂਰ ਗੋਡ ਦੀ ਸੰਤਾਨ ਠਹਿਰੇ। ਤਾਂ ਗੋਡ ਫਿਰ ਕੌਣ?

ਬੱਚੇ ਇਹ ਤਾਂ ਜਾਣਦੇ ਹਨ ਕਿ ਬਾਪ ਜੋ ਨਾਲੇਜ਼ ਦਿੰਦੇ ਹਨ ਇਹ ਸਭ ਧਰਮ ਵਾਲਿਆਂ ਦੇ ਲਈ ਹੈ। ਸਾਰੀ ਦੁਨੀਆਂ ਦਾ ਉਸ ਬਾਪ ਨਾਲ ਬੁੱਧੀਯੋਗ ਟੁੱਟਿਆ ਹੋਇਆ ਹੈ। ਮਾਇਆ ਘੋਸਟ ਬੁੱਧੀਯੋਗ ਲਗਾਉਣ ਨਹੀਂ ਦਿੰਦੀ ਹੈ ਅਤੇ ਹੋਰ ਹੀ ਬੁੱਧੀਯੋਗ ਤੋੜ੍ਹਦੀ ਹੈ। ਬਾਪ ਆਕੇ ਘੋਸਟ ਤੇ ਜਿੱਤ ਪੁਵਾਉਦੇ ਹਨ। ਅੱਜਕਲ ਦੁਨੀਆਂ ਵਿੱਚ ਰਿੱਧੀ -ਸਿੱਧੀ ਵਾਲੇ ਵੀ ਬਹੁਤ ਹਨ। ਇਹ ਹੈ ਹੀ ਘੋਸਟਾਂ ਦੀ ਦੁਨੀਆਂ। ਕਾਮ ਵਿਕਾਰ ਰੂਪੀ ਘੋਸਟ ਇੱਕ -ਦੋ ਨੂੰ ਆਦਿ, ਮੱਧ, ਅੰਤ ਦੁੱਖ ਦਿੰਦੇ ਹਨ। ਇੱਕ - ਦੋ ਨੂੰ ਦੁੱਖ ਦੇਣਾ ਘੋਸਟ ਦਾ ਕੰਮ ਹੈ। ਸਤਿਯੁਗ ਵਿੱਚ ਘੋਸਟ ਹੁੰਦਾ ਨਹੀਂ। ਤਾਂ ਇਹ ਵੀ ਸਮਝਾਇਆ ਹੈ ਘੋਸਟ ਨਾਮ ਬਾਈਬਲ ਵਿੱਚ ਹੈ। ਰਾਵਣ ਮਾਨਾ ਘੋਸਟ, ਇਹ ਹੈ ਹੀ ਘੋਸਟ ਦਾ ਰਾਜ। ਸਤਿਯੁਗ ਰਾਮਰਾਜ ਵਿੱਚ ਘੋਸਟ ਹੁੰਦਾ ਨਹੀਂ। ਉੱਥੇ ਸੁਖ ਘਨ੍ਹੇਰੇ ਹੁੰਦੇ ਹਨ।

ਓਮ ਨਮ: ਸ਼ਿਵਾਏ ਦਾ ਗੀਤ ਬਹੁਤ ਵਧੀਆ ਹੈ। ਸ਼ਿਵ ਹੈ ਮਾਤ - ਪਿਤਾ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਮਾਤ-ਪਿਤਾ ਨਹੀਂ ਕਹਾਂਗੇ। ਸ਼ਿਵ ਨੂੰ ਹੀ ਫ਼ਾਦਰ ਕਹਾਂਗੇ। ਏਡਮ - ਇਵ ਮਤਲਬ ਬ੍ਰਹਮਾ-ਸਰਸਵਤੀ ਇੱਥੇ ਹੋਏ ਹਨ। ਉੱਥੇ ਕ੍ਰਿਸ਼ਚਨ ਲੋਕ ਗੋਡ ਫ਼ਾਦਰ ਕੋਲ ਪ੍ਰਾਥਨਾ ਕਰਦੇ ਹਨ। ਇਹ ਭਾਰਤ ਤੇ ਮਾਤ -ਪਿਤਾ ਦਾ ਗਾਂਵ ਹੈ। ਉਹਨਾਂ ਦਾ ਜਨਮ ਹੀ ਇੱਥੇ ਹੈ। ਤਾਂ ਸਮਝਾਉਣਾ ਹੈ ਤੁਸੀਂ ਮਾਤ -ਪਿਤਾ ਗਾਉਂਦੇ ਹੋ ਤਾਂ ਭਰਾ - ਭੈਣ ਠਹਿਰੇ ਨਾ। ਪ੍ਰਜਾਪਿਤਾ ਬ੍ਰਹਮਾ ਦਵਾਰਾ ਰਚਦੇ ਹਨ। ਉਹ ਤਾਂ ਅਡੋਪਟ ਕਰਦੇ ਹਨ। ਸਰਸਵਤੀ ਵੀ ਅਡੋਪਟ ਹੋਈ ਹੈ। ਪ੍ਰਜਾਪਿਤਾ ਬ੍ਰਹਮਾ ਨੇ ਅਡੋਪਟ ਕੀਤਾ ਹੈ, ਤਾਂ ਹੀ ਤੇ ਇੰਨੇ ਬ੍ਰਹਮਾਕੁਮਾਰ - ਕੁਮਾਰੀਆਂ ਬਣੇ ਹਨ। ਸ਼ਿਵਬਾਬਾ

ਅਡੋਪਟ ਕਰਾਉਂਦੇ ਜਾਂਦੇ ਹਨ। ਨਵੀਂ ਸ੍ਰਿਸ਼ਟੀ ਬ੍ਰਹਮਾ ਦਵਾਰਾ ਹੀ ਰਚੀ ਜਾਂਦੀ ਹੈ। ਸਮਝਾਉਣ ਦੀ ਬਹੁਤ ਯੁਕਤੀਆਂ ਹਨ। ਪਰ ਪੂਰਾ ਸਮਝਾਉਂਦੇ ਨਹੀਂ ਹਨ। ਬਾਬਾ ਨੇ ਬਹੁਤ ਵਾਰ ਸਮਝਾਇਆ ਹੈ - ਇਹ ਸਿਵਾਏ ਨਮ: ਦਾ ਗੀਤ ਇੱਥੇ - ਉੱਥੇ ਵਜਾਓ। ਅਸੀਂ ਮਾਤ -ਪਿਤਾ ਦੇ ਬਾਲਕ ਕਿਵੇ ਹੈ? ਉਹ ਬੈਠ ਸਮਝਾਉਂਦੇ ਹਨ। ਬ੍ਰਹਮਾ ਦਵਾਰਾ ਨਵੀਂ ਸ੍ਰਿਸਟੀ ਸਥਾਪਨ ਕੀਤੀ ਸੀ। ਹੁਣ ਕਲਿਯੁਗ ਦਾ ਅੰਤ ਹੈ ਫਿਰ ਤੋਂ ਸਤਿਯੁਗ ਸਥਾਪਨ ਕਰ ਰਹੇ ਹਨ। ਬੁੱਧੀ ਵਿੱਚ ਧਾਰਨਾ ਕਰਨੀ ਹੈ। ਨਾਲੇਜ਼ ਬੜੀ ਸਹਿਜ ਹੈ। ਮਾਇਆ ਦੇ ਤੂਫਾਨ ਗਿਆਨ - ਯੋਗ ਵਿੱਚ ਠਹਿਰਣ ਨਹੀਂ ਦਿੰਦੇ ਹਨ। ਬੁੱਧੀ ਚਕ੍ਰਿਤ ਹੋ ਜਾਂਦੀ ਹੈ। ਹਮੇਸ਼ਾ ਸਮਝਾਉਣਾ ਚਾਹੀਦਾ ਹੈ ਭਗਵਾਨ ਰਚਤਾ ਤੇ ਸਭਦਾ ਇੱਕ ਹੈ, ਫ਼ਾਦਰ ਤੇ ਸਭ ਕਹਿਣਗੇ ਨਾ। ਉਹ ਨਿਰਾਕਾਰ ਤੇ ਜਨਮ -ਮਰਨ ਰਹਿਤ ਹੈ। ਬ੍ਰਹਮਾ, ਵਿਸ਼ਨੂੰ ਸ਼ੰਕਰ ਨੂੰ ਸੂਕ੍ਸ਼੍ਮ ਚੋਲਾ ਹੈ। ਮਨੁੱਖ 84 ਜਨਮ ਇੱਥੇ ਹੀ ਲੈਂਦੇ ਹਨ। ਸੂਕ੍ਸ਼੍ਮਵਤਨ ਵਿੱਚ ਤੇ ਨਹੀਂ ਲੈਂਦੇ। ਤੁਸੀਂ ਜਾਣਦੇ ਹੋ ਅਸੀਂ ਮਾਤ -ਪਿਤਾ ਦੇ ਬਾਲਕ ਹਾਂ। ਅਸੀਂ ਹਾਂ ਨਵੇਂ ਬੱਚੇ। ਬਾਪ ਨੇ ਅਡੋਪਟ ਕੀਤਾ ਹੈ। ਜਦੋ ਪ੍ਰਜਾਪਿਤਾ ਬ੍ਰਹਮਾ ਹੈ ਤਾਂ ਕਿੰਨੀ ਪ੍ਰਜਾ ਹੋਵੇਗੀ? ਜਰੂਰ ਅਡੋਪਟ ਕੀਤਾ ਹੋਵੇਗਾ। ਬ੍ਰਹਮਾ ਦੀਆਂ ਭੁਜਾਵਾਂ ਬਹੁਤ ਦਿਖਾਉਂਦੇ ਹਨ, ਅਰਥ ਤਾਂ ਕੁਝ ਵੀ ਸਮਝਦੇ ਨਹੀਂ, ਜੋ ਵੀ ਚਿੱਤਰ ਨਿਕਲਦੇ ਹਨ ਮਤਲਬ ਸ਼ਾਸਤਰ ਨਿਕਲਦੇ ਹਨ - ਇਹ ਸਭ ਡਰਾਮੇ ਦੇ ਉਪਰ ਆਧਾਰ ਰੱਖਣਾ ਪੈਂਦਾ ਹੈ। ਬ੍ਰਹਮਾ ਦਾ ਦਿਨ ਸੀ ਫਿਰ ਭਗਤੀ ਮਾਰਗ ਸ਼ੁਰੂ ਹੋਇਆ ਹੈ, ਉਹ ਚਲਾ ਆ ਰਿਹਾ ਹੈ। ਇਹ ਰਾਜਯੋਗ ਬਾਪ ਹੀ ਆਕੇ ਸਿਖਾਉਂਦੇ ਹਨ। ਇਹ ਸਮ੍ਰਿਤੀ ਵਿੱਚ ਰਹਿਣਾ ਚਾਹੀਦਾ ਹੈ।

ਕਹਿੰਦੇ ਹਨ ਨਾ – ਆਪਣੀ ਘੋਟ ਤੇ ਨਸ਼ਾ ਚੜ੍ਹੇ। ਪਰ ਬੁੱਧੀਯੋਗ ਬਾਪ ਦੇ ਨਾਲ ਚਾਹੀਦਾ ਹੈ। ਉੱਥੇ ਤਾਂ ਬਹੁਤਿਆਂ ਦਾ ਬੁੱਧੀਯੋਗ ਭਟਕਦਾ ਰਹਿੰਦਾ ਹੈ। ਪੁਰਾਣੀ ਦੁਨੀਆਂ ਦੇ ਮਿੱਤਰ - ਸੰਬੰਧੀ ਆਦਿ ਦੇ ਵਲ ਜਾਂ ਦੇਹ - ਅਭਿਮਾਨ ਵਿੱਚ ਫ਼ਸੇ ਰਹਿੰਦੇ ਹਨ। ਥੋੜੀ ਬਿਮਾਰੀ ਹੁੰਦੀ ਹੈ। ਪ੍ਰੇਸ਼ਾਨ ਹੋ ਜਾਂਦੇ ਹਨ। ਅਰੇ, ਯੋਗ ਵਿੱਚ ਰਹੋਂਗੇ ਤਾਂ ਦਰਦ ਆਦਿ ਵੀ ਘੱਟ ਹੋਵੇਗਾ। ਯੋਗ ਨਹੀਂ ਤਾਂ ਬਿਮਾਰੀ ਆਦਿ ਕਿਵੇਂ ਛੁੱਟੇ? ਖਿਆਲ ਕਰਨਾ ਚਾਹੀਦਾ ਹੈ - ਮਾਤ - ਪਿਤਾ ਜੋ ਨੰਬਰਵਨ ਪਾਵਨ ਬਣਦੇ ਹਨ ਉਹ ਫਿਰ ਸਭਤੋਂ ਜਾਸਤੀ ਥੱਲੇ ਉਤਰਦੇ ਹਨ। ਉਹਨਾਂ ਨੂੰ ਤਾਂ ਬਹੁਤ ਭੋਗਣਾ ਭੋਗਣੀ ਪੈਂਦੀ ਹੈ ਪਰ ਯੋਗ ਵਿੱਚ ਰਹਿਣ ਦੇ ਕਾਰਨ ਬਿਮਾਰੀ ਹੱਟਦੀ ਜਾਂਦੀ ਹੈ। ਨਹੀਂ ਤਾਂ ਇਸਨੂੰ ਸਭਤੋਂ ਜਾਸਤੀ ਭੋਗਣਾ ਚਾਹੀਦੀ ਹੈ। ਪਰ ਯੋਗਬਲ ਨਾਲ ਦੁੱਖ ਦੂਰ ਹੁੰਦੇ ਹਨ ਅਤੇ ਬਹੁਤ ਖੁਸ਼ੀ ਵਿੱਚ ਰਹਿੰਦੇ ਹਨ - ਬਾਬਾ ਕੋਲੋਂ ਅਸੀਂ ਸਵਰਗ ਦੇ ਸੁਖ ਘਨ੍ਹੇਰੇ ਲੈਂਦੇ ਹਾਂ। ਬਹੁਤ ਬੱਚੇ ਆਪਣੇ ਨੂੰ ਆਤਮਾ ਸਮਝਦੇ ਨਹੀਂ। ਸਾਰਾ ਦਿਨ ਦੇਹ ਦਾ ਹੀ ਧਿਆਨ ਰਹਿੰਦਾ ਹੈ।

ਬਾਬਾ ਆਕੇ ਗਿਆਨ ਦੀ ਟਿਕਲੂ - ਟਿਕਲੂ ਸਿਖਾਉਂਦੇ ਹਨ। ਤਾਂ ਤੁਹਾਨੂੰ ਗਿਆਨ ਦੀ ਬੁਲਬੁਲ ਬਣਨਾ ਹੈ। ਬਾਹਰ ਵਿੱਚ ਬਹੁਤ ਛੋਟੀਆਂ - ਛੋਟੀਆਂ ਬੱਚੀਆਂ ਹਨ, ਗਿਆਨ ਦੀ ਟਿਕਲੂ - ਟਿਕਲੂ ਕਰਦੀਆਂ ਹਨ। ਭੀਸ਼ਮ ਪਿਤਾਮਹਿ ਆਦਿ ਨੂੰ ਵੀ ਕੁਮਾਰੀਆਂ ਦੇ ਦਵਾਰਾ ਗਿਆਨ ਦਿੱਤਾ ਹੈ। ਛੋਟੇ - ਛੋਟੇ ਬੱਚਿਆਂ ਨੂੰ ਖੜਾ ਕਰਨਾ ਹੈ। ਛੋਟੇ ਬੱਚੇ ਲੌਕਿਕ -ਪਰਾਲੌਕਿਕ ਮਾਤ -ਪਿਤਾ ਦਾ ਸ਼ੋ ਕਰਦੇ ਹਨ। ਲੋਕ - ਪਾਰਲੋਕ ਸੁਹੇਲਾ ਹੁੰਦਾ ਹੈ ਨਾ। ਤਾਂ ਲੌਕਿਕ ਮਾਤ -ਪਿਤਾ ਨੂੰ ਵੀ ਉਠਾਉਣਾ ਪਵੇ। ਇਹ ਵੀ ਤੁਸੀਂ ਦੇਖੋਗੇ ਛੋਟੀ - ਛੋਟੀ ਬੱਚੀਆਂ ਮਾਂ -ਬਾਪ ਨੂੰ ਉਠਾਉਣਗੀਆਂ। ਕੁਮਾਰੀ ਦਾ ਮਾਨ ਹੁੰਦਾ ਹੈ। ਕੁਮਾਰੀ ਨੂੰ ਸਭ ਨਮਨ ਕਰਦੇ ਹਨ। ਸ਼ਿਵ ਸ਼ਕਤੀ ਸੈਨਾ ਵਿੱਚ ਸਭ ਕੁਮਾਰੀਆ ਹਨ। ਭਾਵੇਂ ਮਾਤਾਵਾਂ ਹਨ ਪਰ ਉਹ ਵੀ ਕਹਾਉਂਦੀਆਂ ਤੇ ਕੁਮਾਰੀਆਂ ਹਨ ਨਾ। ਕੁਮਾਰੀਆ ਬੜੀਆਂ ਚੰਗੀਆਂ - ਚੰਗੀਆਂ ਨਿਕਲਣਗੀਆਂ। ਛੋਟੀਆਂ - ਛੋਟੀਆਂ ਬੱਚੀਆਂ ਹੀ ਬੜਾ ਸ਼ੋ ਕਰਨਗੀਆਂ। ਕੋਈ - ਕੋਈ ਛੋਟੀਆਂ ਬੱਚੀਆਂ ਬੜੀਆਂ ਚੰਗੀਆਂ ਹਨ। ਪਰ ਕਿਸੇ - ਕਿਸੇ ਵਿੱਚ ਮੋਹ ਵੀ ਬਹੁਤ ਹੈ ਨਾ। ਇਹ ਮੋਹ ਬੜਾ ਖ਼ਰਾਬ ਹੈ। ਇਹ ਵੀ ਇੱਕ ਭੂਤ ਹੈ, ਬਾਪ ਕੋਲੋਂ ਬੇਮੁਖ ਕਰ ਦਿੰਦਾ ਹੈ। ਘੋਸਟ ਮਾਇਆ ਦਾ ਧੰਧਾ ਹੀ ਹੈ ਪਰਮਪਿਤਾ ਪਰਮਾਤਮਾ ਤੋਂ ਬੇਮੁਖ ਕਰਨਾ।

ਇਹ ਓਮ ਨਮੋ ਸ਼ਿਵਾਏ ਵਾਲਾ ਗੀਤ ਸਭਤੋਂ ਚੰਗਾ ਹੈ। ਇਹਨਾਂ ਤੋਂ ਹੀ ਅੱਖਰ ਮਿਲਦੇ ਹਨ ਤੁਮ ਮਾਤ - ਪਿਤਾ …ਅਕਸਰ ਕਰਕੇ ਰਾਧੇ-ਕ੍ਰਿਸ਼ਨ ਦੇ ਮੰਦਿਰ ਵੀ ਜੋੜਾ ਹੀ ਦਿਖਾਉਂਦੇ ਹਨ। ਗੀਤਾ ਵਿੱਚ ਸ਼੍ਰੀਕ੍ਰਿਸ਼ਨ ਦੇ ਨਾਲ ਰਾਧੇ ਦਾ ਨਾਮ ਹੈ ਹੀ ਨਹੀਂ। ਸ਼੍ਰੀਕ੍ਰਿਸ਼ਨ ਦੀ ਮਹਿਮਾ ਵੱਖ ਹੈ - ਸ੍ਰਵਗੁਣ ਸੰਪੰਨ, 16 ਕਲਾ ਸੰਪੂਰਨ… ਸਿਵ ਦੀ ਮਹਿਮਾ ਵੱਖ ਹੈ। ਸ਼ਿਵ ਦੀ ਆਰਤੀ ਤੇ ਕਿੰਨੀ ਮਹਿਮਾ ਗਾਉਂਦੇ ਹਨ। ਅਰਥ ਕੁਝ ਵੀ ਨਹੀਂ ਸਮਝਦੇ। ਪੂਜਾ ਕਰਦੇ - ਕਰਦੇ ਥੱਕ ਗਏ ਹਨ। ਤੁਸੀਂ ਜਾਣਦੇ ਹੋ ਮੰਮਾ - ਬਾਬਾ ਅਤੇ ਅਸੀਂ ਬ੍ਰਾਹਮਣ ਸਭ ਤੋਂ ਜਾਸਤੀ ਪੁਜਾਰੀ ਬਣੇ ਹਾਂ। ਹੁਣ ਫਿਰ ਤੋਂ ਆਕੇ ਬ੍ਰਾਹਮਣ ਬਣੇ ਹਾਂ। ਉਹਨਾਂ ਵਿੱਚ ਵੀ ਨੰਬਰਵਨ ਹਨ। ਕਰਮ ਭੋਗ ਵੀ ਹੁੰਦਾ ਹੈ, ਉਹਨਾਂ ਨੂੰ ਯੋਗ ਨਾਲ ਮਿਟਾਉਣਾ ਹੈ। ਦੇਹ - ਅਭਿਮਾਨ ਨੂੰ ਤੋੜ੍ਹਨਾ ਹੈ। ਬਾਪ ਨੂੰ ਯਾਦ ਕਰ ਬਹੁਤ ਖੁਸ਼ੀ ਵਿੱਚ ਰਹਿਣਾ ਹੈ। ਮਾਤ -ਪਿਤਾ ਕੋਲੋਂ ਸਾਨੂੰ ਬਹੁਤ ਸੁਖ ਘਨੇਰੇ ਮਿਲਦੇ ਹਨ। ਇਹ ਬ੍ਰਹਮਾ ਕਹਿਣਗੇ ਨਾ - ਬਾਬਾ ਕੋਲੋਂ ਸਾਨੂੰ ਵਰਸਾ ਮਿਲਦਾ ਹੈ। ਬਾਬਾ ਨੇ ਮੇਰਾ ਰੱਥ ਲੋਨ ਲਿਤਾ ਹੈ। ਹੁਣ ਬਾਬਾ ਤੇ ਇਸ ਰਥ ਦੀ ਖ਼ਾਤਰੀ ਕਰਨਗੇ। ਪਹਿਲੇ ਤਾਂ ਸਮਝਦਾ ਸੀ - ਮੈਂ ਆਤਮਾ ਇਸ ਰੱਥ ਨੂੰ ਖਵਾਉਂਦਾ ਹਾਂ। ਇਹ ਵੀ ਰਥ ਹੈ ਨਾ। ਹੁਣ ਕਹਿਣਗੇ ਇਸ ਨੂੰ ਉਹ ਹੀ ਖਵਾਉਣ ਵਾਲਾ ਹੈ। ਇਸ ਰੱਥ ਦੀ ਸੰਭਾਲ ਕਰਨੀ ਹੈ। ਘੋੜੇ ਤੇ ਸਾਹਿਬ ਲੋਕ ਚੜ੍ਹਦੇ ਹਨ ਤਾਂ ਘੋੜੇ ਨੂੰ ਹੱਥ ਨਾਲ ਖਵਾਉਣਗੇ ਨਾ, ਕਦੀ ਪਿੱਠ ਤੇ ਹੱਥ ਫੇਰਨਗੇ। ਬਹੁਤ ਖਾਤਰੀ ਕਰਦੇ ਹਨ ਕਿਉਂਕਿ ਉਹਨਾਂ ਤੇ ਸਵਾਰੀ ਕਰਦੇ ਹਨ। ਬਾਬਾ ਇਸ ਤੇ ਸਵਾਰੀ ਕਰਦੇ ਹਨ ਤਾਂ ਕੀ ਬਾਬਾ ਖਾਤਰੀ ਨਹੀਂ ਕਰਦੇ ਹੋਣਗੇ? ਬਾਬਾ ਜਦੋਂ ਸਨਾਨ ਕਰਦੇ ਹਨ ਤਾਂ ਸਮਝਦੇ ਹਨ ਮੈਂ ਵੀ ਸ਼ਨਾਨ ਕਰਦਾ ਹਾਂ, ਬਾਬਾ ਨੂੰ ਵੀ ਕਰਵਾਉਣਾ ਹੈ ਕਿਉਂਕਿ ਉਸਨੇ ਵੀ ਇਸ ਰਥ ਦਾ ਲੋਨ ਲਿਆ ਹੈ। ਸ਼ਿਵਬਾਬਾ ਕਹਿੰਦੇ ਹਨ ਮੈਂ ਵੀ ਤੁਹਾਡੇ ਸ਼ਰੀਰ ਨੂੰ ਸਨਾਣ ਕਰਾਉਂਦਾ ਹਾਂ, ਖਵਾਉਂਦਾ ਹਾਂ। ਮੈਂ ਨਹੀਂ ਖਾਂਦਾ ਹਾਂ, ਸ਼ਰੀਰ ਨੂੰ ਖਵਾਉਂਦਾ ਹਾਂ। ਬਾਬਾ ਖਵਾਉਂਦੇ ਹਨ ਖਾਂਦੇ ਨਹੀਂ ਹਨ। ਇਹ ਸਭ ਕਿਸਮ - ਕਿਸਮ ਦੇ ਖਿਆਲਾਤ ਚਲਦੇ ਹਨ। ਸਨਾਣ ਦੇ ਸਮੇਂ, ਘੁੰਮਣ ਦੇ ਸਮੇਂ।

ਇਹ ਤੇ ਅਨੁਭਵ ਦੀ ਗੱਲ ਹੈ ਨਾ। ਬਾਬਾ ਖੁਦ ਹੀ ਕਹਿੰਦੇ ਹਨ - ਬਹੁਤ ਜਨਮਾਂ ਦੇ ਅੰਤ ਦੇ ਜਨਮ ਵਿੱਚ ਪ੍ਰਵੇਸ਼ ਕਰਦਾ ਹਾਂ। ਇਹ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹਨ, ਮੈਂ ਜਾਣਦਾ ਹਾਂ। ਤੁਸੀਂ ਕਹਿੰਦੇ ਹੋ ਬਾਬਾ ਫਿਰ ਸਾਨੂੰ ਗਿਆਨ ਦੇ ਰਹੇ ਹਨ। ਵਰਸਾ ਲੈਣਾ ਹੈ ਸਵਰਗ ਦਾ। ਸਤਿਯੁਗ ਵਿੱਚ ਤੇ ਰਾਜਾ, ਪ੍ਰਜਾ ਆਦਿ ਸਭ ਹਨ। ਪੁਰਸ਼ਾਰਥ ਕਰਨਾ ਹੈ ਬਾਪ ਤੋਂ ਵਰਸਾ ਲੈਣ ਦਾ। ਹੁਣ ਨਹੀਂ ਲਵੋਗੇ ਤਾਂ ਕਲਪ - ਕਲਪ ਮਿਸ ਕਰਦੇ ਰਹੋਗੇ, ਇਤਨੀ ਉੱਚ ਪਦਵੀ ਪਾ ਨਹੀਂ ਸਕੋਗੇ। ਜਨਮ - ਜਨਮੰਤਰ ਦੀ ਬਾਜੀ ਹੈ ਤਾਂ ਕਿੰਨਾਂ ਸ਼੍ਰੀਮਤ ਤੇ ਚਲਣਾ ਚਾਹੀਦਾ ਹੈ। ਕਲਪ - ਕਲਪ ਨਿਮਿਤ ਬਣੋਗੇ। ਕਲਪ - ਕਲਪ ਵਰਸਾ ਲੈਂਦੇ ਆਏ ਹੋ। ਕਲਪ - ਕਲਪ ਦੇ ਲਈ ਇਹ ਪੜ੍ਹਾਈ ਹੈ। ਇਸ ਵਿੱਚ ਬਹੁਤ ਧਿਆਨ ਦੇਣਾ ਪੈਂਦਾ ਹੈ। 7 ਰੋਜ ਲਕਸ਼ ਲੈਕੇ ਫਿਰ ਮੁਰਲੀ ਤਾਂ ਘਰ ਵਿਚ ਵੀ ਪੜ੍ਹ ਸਕਦੇ ਹੋ। ਬਿਲਕੁਲ ਸਹਿਜ ਕਰ ਦਿੰਦੇ ਹਨ। ਡਰਾਮਾ ਤੇ ਬੁੱਧੀ ਵਿੱਚ ਰਹਿਣਾ ਚਾਹੀਦਾ ਹੈ।

ਇਸ ਨੂੰ ਵਰਲਡ ਯੂਨੀਵਰਸਿਟੀ ਕਿਹਾ ਜਾਂਦਾ ਹੈ। ਤਾਂ ਕਿੱਥੇ ਵੀ ਅਮੇਰਿਕਾ ਆਦਿ ਵੱਲ ਚਲੇ ਜਾਵੋ, ਬਾਪ ਤੋਂ ਵਰਸਾ ਲੈ ਸਕਦੇ ਹੋ। ਸਿਰਫ ਇੱਕ ਹਫਤਾ ਧਾਰਨਾ ਕਰ ਕੇ ਜਾਵੋ। ਭਗਵਾਨ ਦੇ ਬੱਚੇ ਹੋ ਤਾਂ ਭਾਈ - ਭੈਣ ਠਹਿਰੇ ਨਾ। ਪ੍ਰਜਾਪਿਤਾ ਬ੍ਰਹਮਾ ਹੈ ਤਾਂ ਉਨ੍ਹਾਂ ਦੇ ਸਭ ਬੱਚੇ ਆਪਸ ਵਿਚ ਭਾਈ - ਭੈਣ ਠਹਿਰੇ। ਜਰੂਰ ਗ੍ਰਹਿਸਥ ਵਿਵਹਾਰ ਵਿਚ ਰਹਿੰਦੇ ਆਪਸ ਵਿਚ ਭਾਈ - ਭੈਣ ਹੋਕੇ ਰਹੋਗੇ ਤਾਂ ਪਵਿੱਤ੍ਰ ਹੋ ਰਹਿ ਸਕੋਗੇ। ਬਹੁਤ ਸਹਿਜ ਹੈ ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਖੁਦ ਨੂੰ ਮਾਇਆ ਘੋਸਟ ਤੋਂ ਬਚਾਉਣ ਦੇ ਲਈ ਗਿਆਨ - ਯੋਗ ਵਿੱਚ ਤੱਤਪਰ ਰਹਿਣਾ ਹੈ। ਮੋਹ ਰੂਪੀ ਭੂਤ ਦਾ ਤਿਆਗ ਕਰ ਬਾਪ ਦਾ ਸ਼ੋ ਕਰਨਾ ਹੈ। ਗਿਆਨ ਦੀ ਟਿਕੱਲੂ - ਟਿਕੱਲੂ ਕਰਨੀ ਹੈ।

2. ਪੜ੍ਹਾਈ ਤੇ ਪੂਰਾ ਧਿਆਨ ਦੇਕੇ ਬਾਪ ਤੋਂ ਵਰਸਾ ਲੈਣਾ ਹੈ। ਕਲਪ - ਕਲਪ ਦੀ ਇਸ ਬਾਜੀ ਨੂੰ ਕਿਸੇ ਵੀ ਹਾਲਤ ਵਿੱਚ ਗਵਾਉਣਾ ਨਹੀਂ ਹੈ।

ਵਰਦਾਨ:- ਸਮੇਂ ਪ੍ਰਮਾਣ ਰੂਪ - ਬਸੰਤ ਮਤਲਬ ਗਿਆਨੀ ਜਾਂ ਯੋਗੀ ਤੂੰ ਆਤਮਾ ਬਨਾਉਣ ਵਾਲੇ ਸਵ ਸਾਸ਼ਕ ਭਵ।
ਜੋ ਸਵ - ਸਾਸ਼ਕ ਹਨ ਉਹ ਜਿਸ ਵੇਲੇ ਚਾਉਣ ਰੂਪ ਬਣ ਜਾਣ ਅਤੇ ਜਿਸ ਵੇਲੇ ਚਾਉਣ ਬਸੰਤ ਬਣ ਜਾਣ। ਦੋਵੇਂ ਸਥਿਤੀਆਂ ਸੈਕਿੰਡ ਵਿੱਚ ਬਣਾ ਸਕਦੇ ਹਨ। ਇਵੇਂ ਨਹੀਂ ਕਿ ਬਣਨਾ ਚਾਉਣ ਰੂਪ ਅਤੇ ਯਾਦ ਆਉਂਦੀਆਂ ਰਹਿਣ ਗਿਆਨ ਦੀਆਂ ਗੱਲਾਂ। ਸੈਕਿੰਡ ਤੋਂ ਵੀ ਘੱਟ ਟਾਇਮ ਵਿੱਚ ਫੁੱਲ ਸਟਾਪ ਲੱਗ ਜਾਵੇ। ਪਾਵਰਫੁੱਲ ਬ੍ਰੇਕ ਦਾ ਕੰਮ ਹੈ ਜਿੱਥੇ ਲਗਾਓ ਉੱਥੇ ਲੱਗੇ, ਇਸ ਦੇ ਲਈ ਪ੍ਰੇਕਟਿਸ ਕਰੋ ਕਿ ਜਿਸ ਸਮੇਂ ਜਿਸ ਵਿਧੀ ਤੋਂ ਜਿੱਥੇ ਮਨ - ਬੁੱਧੀ ਨੂੰ ਲਗਾਉਣਾ ਚਾਹੋ ਉੱਥੇ ਲੱਗ ਜਾਵੇ। ਅਜਿਹੀ ਕੰਟਰੋਲਿੰਗ ਅਤੇ ਰੂਲਿੰਗ ਪਾਵਰ ਹੋਵੇ।

ਸਲੋਗਨ:- ਸ਼ਾਂਤੀ ਦੂਤ ਉਹ ਹੈ ਜੋ ਤੂਫ਼ਾਨ ਮਚਾਉਣ ਵਾਲਿਆਂ ਨੂੰ ਵੀ ਸ਼ਾਂਤੀ ਦਾ ਤੋਹਫ਼ਾ ਦਵੇ।

******

ਮਾਤੇਸ਼ਵਰੀ ਜੀ ਦੇ ਮਧੁਰ ਮਹਾਵਾਕ

"ਮਨੁੱਖ ਆਤਮਾਵਾਂ ਦੀ ਪਰਮਾਤਮਾ ਨਾਲ ਮੰਗਣੀ ਅਤੇ ਪ੍ਰਾਪਤੀ"

ਤੁਸੀਂ ਮਾਤ - ਪਿਤਾ ਅਸੀਂ ਬਾਲਕ ਤੇਰੇ ਤੁਹਾਡੀ ਕ੍ਰਿਪਾ ਨਾਲ ਸੁਖ ਘਨੇਰੇ... ਹੁਣ ਇਹ ਮਹਿਮਾ ਕਿਸ ਦੇ ਲਈ ਗਾਈ ਹੋਈ ਹੈ? ਜਰੂਰ ਪਰਮਾਤਮਾ ਦੇ ਲਈ ਗਾਇਨ ਹੈ ਕਿਉਂਕਿ ਪਰਮਾਤਮਾ ਖੁਦ ਮਾਤਾ ਪਿਤਾ ਦੇ ਰੂਪ ਵਿਚ ਆਕੇ ਕੇ ਇਸ ਸ੍ਰਿਸ਼ਟੀ ਨੂੰ ਅਪਾਰ ਸੁਖ ਦਿੰਦਾ ਹੈ। ਜਰੂਰ ਪਰਮਾਤਮਾ ਨੇ ਕਦੇ ਸੁਖ ਦੀ ਸ੍ਰਿਸ਼ਟੀ ਬਣਾਈ ਹੈ ਤਾਂ ਹੀ ਤੇ ਉਨ੍ਹਾਂ ਨੂੰ ਮਾਤਾ - ਪਿਤਾ ਕਹਿਕੇ ਬੁਲਾਉਂਦੇ ਹਨ। ਪ੍ਰੰਤੂ ਮਨੁੱਖਾਂ ਨੂੰ ਇਹ ਪਤਾ ਹੀ ਨਹੀਂ ਕਿ ਸੁਖ ਕੀ ਚੀਜ ਹੈ? ਜਦੋਂ ਇਸ ਸ੍ਰਿਸ਼ਟੀ ਤੇ ਅਪਾਰ ਸੁਖ ਸਨ, ਪ੍ਰੰਤੂ ਹੁਣ ਉਹ ਸੁਖ ਨਹੀਂ ਹਨ। ਹੁਣ ਮਨੁੱਖਾਂ ਨੂੰ ਇਹ ਚਾਹਨਾ ਉੱਠਦੀ ਜਰੂਰ ਹੈ ਕਿ ਉਹ ਸੁਖ ਸਾਨੂੰ ਚਾਹੀਦੇ ਹਨ, ਫਿਰ ਕੋਈ ਧਨ ਪਦਾਰਥ ਮੰਗਦੇ ਹਨ, ਕਈ ਬੱਚੇ ਮੰਗਦੇ ਹਨ, ਕੋਈ ਤਾਂ ਫਿਰ ਇਵੇਂ ਵੀ ਮੰਗਦੇ ਹਨ ਕਿ ਅਸੀਂ ਪਤੀਵਰਤਾ ਨਾਰੀ ਬਣੀਏ, ਸਦਾ ਸੁਹਾਗਣ ਬਣੀਏ, ਚਾਹਨਾ ਤੇ ਸੁਖ ਦੀ ਹੀ ਰਹਿੰਦੀ ਹੈ ਨਾ। ਤਾਂ ਪਰਮਾਤਮਾ ਵੀ ਕਿਸੇ ਸਮੇਂ ਉਨ੍ਹਾਂ ਦੀ ਆਸ਼ਾ ਜਰੂਰ ਪੂਰੀ ਕਰਨਗੇ। ਤਾਂ ਸਤਿਯੁਗ ਦੇ ਸਮੇਂ ਜਦੋਂ ਸ੍ਰਿਸ਼ਟੀ ਤੇ ਸਵਰਗ ਹੈ ਤਾਂ ਉੱਥੇ ਸਦਾ ਸੁਖ ਹੈ, ਜਿੱਥੇ ਇਸਤਰੀ ਕਦੇ ਦੁਹਾਗਣ ( ਵਿਧਵਾ ) ਨਹੀਂ ਬਣਦੀ, ਤਾਂ ਉਹ ਆਸ ਸਤਿਯੁਗ ਵਿੱਚ ਪੂਰੀ ਹੁੰਦੀ ਹੈ ਜਿੱਥੇ ਅਪਾਰ ਸੁਖ ਹਨ। ਬਾਕੀ ਤਾਂ ਇਸ ਵੇਲੇ ਹੈ ਹੀ ਕਲਯੁੱਗ। ਇਸ ਵੇਲੇ ਤਾਂ ਮਨੁੱਖ ਦੁੱਖ ਹੀ ਦੁੱਖ ਭੋਗਦੇ ਹਨ। ਅੱਛਾ।